# ਆਰ.ਐਸ.ਐਸ. ਦੀਆਂ ਨਜ਼ਰਾਂ ਵਿਚ ਗੁਰ ਇਤਿਹਾਸ-੨

-ਗੁਰਸਿਖ ਫੀਚਰਜ਼

ਸਿੱਖ ਨੂੰ ਹਿੰਦ ਸਾਬਤ ਕਰਨ ਲਈ ਲੇਖਕ ਵੱਖ-ਵੱਖ ਗੁਰੂ ਜੀਵਨੀਆਂ ਵਿਚ ਵੱਖ ਉਦਾਹਰਣਾਂ ਦਿੰਦਾ ਹੈ:

1) ਗੋਇੰਦਵਲ ਸਹਿਬ ਦੀ ਬਾਉਲੀ ਬਾਰੇ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਲਗਭਗ ਸਾਰੇ ਪੈਰੋਕਾਰ ਹਿੰਦੂ ਸਨ, ਉਨ੍ਹਾਂ ਦਾ ਚੌਰਾਸੀ ਲੱਖ ਜੂਨਾਂ ਵਿਚ ਪੱਕਾ ਵਿਸ਼ਵਾਸ ਸੀ, ਇਸ ਲਈ ਗੁਰੂ ਜੀ ਨੇ ਬਾਉਲੀ ਦੀਆਂ 84 ਪੌੜੀਆਂ ਬਣਾਈਆਂ ਅਤੇ ਤੀਰਥ ਸਥਾਨਾਂ ਸੰਬੰਧੀ ਜੋ ਮਾਨਤਾ ਹਿੰਦੂ ਧਰਮ ਗ੍ਰੰਥਾਂ ਅਤੇ ਸਾਧੂ ਸੰਤਾਂ ਦੀ ਹੈ, ਉਹ ਗੁਰੂ ਸਾਹਿਬ ਦੀ ਹੈ। ਹਰਿਦੁਆਰ ਦੀ ਯਾਤਰਾ ਸਮੇਂ ਯੋਗੀਆਂ, ਬੈਰਾਗੀਆਂ, ਸੰਨਿਆਸੀਆਂ ਅਤੇ ਪੰਡਤਾਂ ਨੇ ਗੁਰੂ ਸਾਹਿਬ ਦਾ ਬੜੇ ਪ੍ਰੇਮ ਨਾਲ ਸੁਆਗਤ ਕੀਤਾ, ਇਸ ਲਈ ਇਹ ਕਹਿਣਾ ਗ਼ਲਤ ਹੈ ਕਿ ਬ੍ਰਾਹਮਣਾਂ ਨੇ ਗੁਰੂ ਅਮਰਦਾਸ ਜੀ ਦੇ ਖਿਲਾਫ਼ ਬਾਦਸ਼ਾਹ ਦੇ ਕੰਨ ਭਰੇ।

2) ਗੁਰੂ ਅਰਜਨ ਦੇਵ ਜੀ ਦੇ ਅਵਤਾਰ ਸੰਬੰਧੀ ਜ਼ਿਕਰ ਕਰਦਾ ਹੋਇਆ ਲੇਖਕ ਲਿਖਦਾ ਹੈ, "ਗੁਰੂ ਅਰਜਨ ਦੇਵ ਜੀ ਤੋਂ ਪਹਿਲੇ ਸਾਰੇ ਗੁਰੂ ਜਨਮ ਤੋਂ ਸਿੱਖ ਨਹੀਂ ਸਨ। ਜਨਮ ਤੋਂ ਹੀ ਸਿੱਖ ਹੋਣ ਵਾਲੇ ਪਹਿਲੇ ਗੁਰੂ ਅਰਜਨ ਦੇਵ ਜੀ ਹੀ ਸਨ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਸਿੱਖ ਹੁੰਦੇ ਹੋਏ ਵੀ ਉਨ੍ਹਾਂ ਦਾ ਨਾਮ ਅਰਜਨ, ਉਨ੍ਹਾਂ ਦੇ ਭਰਾ ਦਾ ਨਾਮ ਮਹਾਂਦੇਵ ਸੀ, ਸਾਰੇ ਸਿੱਖ ਗੁਰੂਆਂ ਦੇ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਨਾਮ ਹਿੰਦੂ ਹੀ ਸਨ।"

3) ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਜਾਣ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸਾਰੇ ਤਸੀਹੇ ਸਹਿ ਲਏ ਪਰੰਤੂ ਜਦੋਂ ਉਨ੍ਹਾਂ ਨੂੰ ਗਾਂ ਦੀ ਖੱਲ ਵਿਚ ਸਿਊਣ ਦੀ ਸਜ਼ਾ ਦਿੱਤੀ ਜਾਣ ਲੱਗੀ ਤਾਂ ਇਹ ਉਨ੍ਹਾਂ ਨੂੰ ਅਸਹਿਣਯੋਗ ਲੱਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਲੇਖ ਵਿਚ ਲੇਖਕ ਲਿਖਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਲਗਿਆ 'ਸ੍ਰੀ' ਅਤੇ ਸਤਿ ਸ੍ਰੀ ਅਕਾਲ ਵਿਚ ਲੱਗਿਆ 'ਸ੍ਰੀ' ਹਿੰਦੂਤਵ ਦੀ ਨਿਸ਼ਾਨੀ ਹੈ।

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਾਬਾ ਬੁੱਢਾ ਜੀ ਵੱਲੋਂ ਟਿੱਕਾ ਲਗਾਉਣ ਸੰਬੰਧੀ ਲਿਖਦਾ ਹੈ ਕਿ ਸਿੱਖ ਗੁਰੂ ਖੱਤਰੀ ਸਨ ਤੇ ਬਾਬਾ ਬੁੱਢਾ ਜੀ ਜੱਟ ਸਨ। ਇਸ ਲਈ ਬਾਬਾ ਬੁੱਢਾ ਜੀ ਵੱਲੋਂ ਟਿੱਕਾ ਲਗਾਉਣ ਨਾਲ ਜੱਟ ਸਮਾਜ ਦਾ ਪੰਥ ਪ੍ਰਤੀ ਵਿਸ਼ਵਾਸ ਪ੍ਰਗਟ ਹੁੰਦਾ ਹੈ।

ਲੇਖਕ ਅੱਗੇ ਲਿਖਦਾ ਹੈ ਕਿ ਕਸ਼ਮੀਰ ਤੋਂ ਵਾਪਸੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਥਾਂਵਾਂ ਦੀ, ਜਿਥੇ ਮਹਾਰਿਸ਼ੀ ਕਸ਼ਿਅਪ ਦਾ ਨਿਵਾਸ ਸਥਾਨ ਸੀ ਅਤੇ ਜਿਥੇ ਵਾਮਨ ਅਵਤਾਰ ਹੋਇਆ ਸੀ, ਦੇ ਦਰਸ਼ਨ ਕੀਤੇ।

ਛੇਵੇਂ ਪਾਤਸ਼ਾਹ ਵੱਲੋਂ ਨਗਾਰਿਆਂ ਨੂੰ ਗੁਰਦੁਆਰਿਆਂ ਵਿਚ ਵਜਾਉਣ ਸੰਬੰਧੀ ਲੇਖਕ ਡਾ. ਗੋਡਬੋਲੇ ਟਿੱਪਣੀ ਕਰਦਾ ਹੈ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਮੰਦਰਾਂ ਵਿਚ ਵੀ ਨਗਾਰੇ ਰੱਖੇ ਜਾਂਦੇ ਹਨ। ਲੇਖਕ ਲਿਖਦਾ ਹੈ ਕਿ ਨੌਵੇਂ ਅਤੇ ਦਸਵੇਂ ਪਾਤਸ਼ਾਹ ਜੀ ਦੀਆਂ ਰਚਨਾਵਾਂ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਸਮਾਜ ਪ੍ਰਯਾਗ ਅਤੇ ਕੁਰੂਕਸ਼ੇਤਰ ਆਦਿ ਤੀਰਥ ਸਥਾਨਾਂ ਨੂੰ ਪਵਿੱਤਰ ਮੰਨਦਾ ਹੈ।

ਅਕ੍ਰਿਤਘਣਤਾ ਦੀ ਹੱਦ ਵਿਖਾਉਂਦਾ ਲੇਖਕ ਲਿਖਦਾ ਹੈ ਕਿ ਜੇਕਰ ਸਿੱਖ ਹਿੰਦੂ ਧਰਮ ਤੋਂ ਵੱਖ ਧਰਮ ਦੇ ਹੁੰਦੇ ਤਾਂ ਕਸ਼ਮੀਰੀ ਬ੍ਰਾਹਮਣਾਂ ਨੂੰ ਗੁਰੂ ਤੇਗ ਬਹਾਦਰ ਜੀ ਕੋਲ ਆਉਣ ਦੀ ਇੱਛਾ ਨਾ ਹੁੰਦੀ ਅਤੇ ਨਾ ਹੀ ਗੁਰੂ ਜੀ ਕਸ਼ਮੀਰੀ ਪੰਡਤਾਂ ਦੀ ਕੋਈ ਮਦਦ ਕਰਦੇ। ਔਰੰਗਜੇਬ ਦੇ ਰਾਜ ਵਿਚ ਸ਼ੀਆ ਅਤੇ ਸੂਫੀਆਂ 'ਤੇ ਵੀ ਸਖ਼ਤ ਪਾਬੰਦੀਆਂ ਸਨ। ਕਿੰਤੂ ਉਨ੍ਹਾਂ ਕੋਲ ਕਸ਼ਮੀਰੀ ਬ੍ਰਾਹਮਣ ਮਦਦ ਮੰਗਣ ਨਹੀਂ ਗਏ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਬ੍ਰਾਹਮਣ ਸ਼ੀਆ-ਸੂਫੀਆਂ ਦੇ ਕੋਲ ਨਾ ਜਾ ਕੇ ਸਿੱਖਾਂ ਕੋਲ ਹੀ ਸਹਾਇਤ ਮੰਗਣ ਗਏ।

ਆਪਣੇ ਕੋਝਿਆਂ ਮਨਸੂਬਿਆਂ ਦੀ ਪ੍ਰਾਪਤੀ ਲਈ ਲੇਖਕ ਕਿੰਨੀ ਘਟੀਆ ਦਲੀਲਬਾਜੀ ਕਰਦਾ ਹੈ ਅਤੇ ਸਿੱਖ ਧਰਮ ਦੇ 'ਕੁਦਰਤ ਦੇ ਸਭ ਬੰਦੇ' ਅਤੇ 'ਸਰਬੱਤ ਦਾ ਭਲਾ' ਮੰਗਣ ਦੇ ਸਿਧਾਂਤ ਨੂੰ ਆਪਣੀਆਂ ਮਨੂੰਵਾਦੀ ਐਨਕਾਂ ਨਾਲ ਵੇਖਣ ਦੀ ਕੋਸ਼ਿਸ਼ ਕਰਦਾ ਹੈ।

ਲੇਖਕ 'ਟੇਕ ਏਕ ਰਘੁਨਾਥ' ਵਾਲੇ ਨੌਵੇਂ ਪਾਤਸ਼ਾਹ ਦੇ ਦੋਹੇ ਦੇ ਅਰਥ ਸਨਾਤਮ ਧਰਮ ਵਿਚ ਅਤੇ ਅਯੁੱਧਿਆ ਵਾਲੇ ਰਾਮ ਵਿਚ ਵਿਸ਼ਵਾਸ ਹੋਣ ਲਈ ਕਰਦਾ ਹੈ। ਦਸਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਿੰਦੂਵਾਦੀ ਸਿੱਧ ਕਰਨ ਲਈ ਪਹਿਲਾਂ ਵਰਗੀਆਂ ਘਟੀਆ ਦਲੀਲਾਂ ਦਿੰਦੇ ਹੋਏ ਲੇਖਕ ਲਿਖਦਾ ਹੈ ਕਿ ਜੇਕਰ ਗੁਰੂ ਸਾਹਿਬ ਦਾ ਮਕਸਦ ਸਿੱਖਾਂ ਵਿਚ ਬਹਾਦਰੀ ਜਾਂ ਜੋਸ਼ ਪੈਦਾ ਕਰਨ ਲਈ ਚੰਡੀ ਦੀ ਵਾਰ ਆਦਿ ਦੀ ਰਚਨਾ ਕਰਨਾ ਸੀ ਤਾਂ ਗੁਰੂ ਸਾਹਿਬ ਨੇ ਰੁਸਤਮ-ਸੁਹਰਾਬਾ ਦੀ ਉਦਾਹਰਣ ਕਿਉਂ ਨਹੀਂ ਦਿੱਤੀ। ਕਿਉਂਕਿ ਗੁਰੂ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਰਾਮ, ਕ੍ਰਿਸ਼ਨ, ਚੰਡੀ ਸ਼ਬਦ ਵਰਤੇ ਹਨ, ਇਹ ਪ੍ਰਗਟਾਉਂਦਾ ਹੈ ਕਿ ਉਹ ਹਿੰਦੂਵਾਦੀ ਸਨ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖਾਂ ਨੂੰ ਕਾਸ਼ੀ ਸੰਸਕ੍ਰਿਤ ਪੜ੍ਹਨ ਲਈ ਭੇਜਣ ਪਿੱਛੇ ਉਨ੍ਹਾਂ ਦਾ ਮਕਸਦ ਇਹ ਸੀ ਕਿ ਸਿੱਖ ਆਪਣੀਆਂ ਮੂਲ ਰਚਨਾਵਾਂ, ਜੋ ਕਿ ਪੁਰਾਣ, ਮਹਾਂਕਾਵਿ ਗ੍ਰੰਥ ਆਦਿ ਸੰਸਕ੍ਰਿਤ ਭਾਸ਼ੀ ਹਨ, ਉਨ੍ਹਾਂ ਨੂੰ ਪੜ੍ਹ ਸਕਣ। ਲੇਖਕ ਮੁਤਾਬਿਕ ਗੁਰਬਾਣੀ ਲੋਕ ਭਾਸ਼ਾ ਵਿਚ ਹੈ ਅਤੇ ਆਪਣੇ ਮੁੱਢ ਨੂੰ ਸਮਝਣ ਲਈ ਸੰਸਕ੍ਰਿਤ ਪੜ੍ਹਨਾ ਸਿੱਖਾਂ ਲਈ ਬਹੁਤ ਜ਼ਰੂਰੀ ਸੀ। ਇਹ ਲਿਖ ਕੇ ਲੇਖਕ ਆਰ.ਐਸ.ਐਸ. ਦੀ ਇਹ ਧਾਰਨਾ ਸਾਬਤ ਕਰਨਾ ਚਾਹੁੰਦਾ ਹੈ ਕਿ ਬਾਣੀ ਵੇਦਾਂ ਦੀ ਗੰਗੋਤਰੀ ਵਿਚੋਂ ਪ੍ਰਗਟ ਹੋਈ ਹੈ।

ਆਪਣੀ ਗੱਲ ਨੂੰ ਹੋਰ ਅੱਗੇ ਵਧਾਉਂਦਿਆਂ ਡਾ. ਗੋਡਬੋਲੇ ਲਿਖਦਾ ਹੈ ਕਿ ਜਿਸ ਵਿਧੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਿਆ ਉਹ ਵਿਧੀ ਵੀ ਕੋਈ ਨਵੀਂ ਨਹੀਂ ਸੀ, ਕਿਉਂਕਿ ਇਸ ਵਿਧੀ ਨਾਲ ਆਬੂ ਪਰਬਤ ਉਪਰ ਬ੍ਰਾਹਮਣਾਂ ਵੱਲੋਂ ਭੀਲਾਂ ਨੂੰ ਰਾਜਪੂਤ ਜਾਤੀ ਵਿਚ ਬਦਲਿਆ ਜਾਂਦਾ ਰਿਹਾ।

ਖ਼ਾਲਸਾ ਸਾਜਣਾ ਉਪਰੰਤ ਦਸਮੇਸ਼ ਪਿਤਾ ਨੇ ਧਰਮ ਨਾਸ਼, ਕਰਮ ਨਾਸ਼, ਜਨਮ ਨਾਸ਼, ਭਰਮ ਨਾਸ਼ ਕਰਕੇ ਸਾਰੀ ਹਿੰਦੀ ਜਾਤੀ ਇਕ ਕਰ ਦਿੱਤੀ। ਇਸ ਦੇ ਨਾਲ ਲੇਖਕ ਨੇ ਚਾਰ ਕੁਰਹਿਤਾਂ ਨੂੰ ਵਧਾ ਕੇ ਪੰਜ ਕਰ ਦਿੱਤਾ ਅਤੇ ਉਨ੍ਹਾਂ ਦਾ ਸਰੂਪ ਹੀ ਬਦਲ ਦਿੱਤਾ ਹੈ। ਪਰਇਸਤਰੀ, ਪਰਪੁਰਸ਼ ਦੀ ਥਾਂ ’ਤੇ ਟੋਪੀ ਦੇ ਬਦਲੇ ਪੱਗ ਬੰਨਣਾ ਅਤੇ ਪੰਜਵੀਂ ਕੁਰਹਿਤ ਆਪਣੇ ਕੋਲੋਂ ਹੀ ਪੀਰ, ਮਕਬਰੇ, ਮਜ਼ਾਰ ਤੇ ਮੱਥਾ ਨਹੀਂ ਟੇਕਣਾ ਬਣਾ ਦਿੱਤੀ ਹੈ।

ਅਖੀਰ ਉੱਤੇ ਲੇਖਕ ਸਿੱਖ ਗੁਰੂਆਂ ਦੇ ਉਪਦੇਸ਼ ਨੂੰ ਉਪਨਿਸ਼ਦਾਂ ਅਤੇ ਭਗਤੀ ਮਾਰਗ ’ਤੇ ਅਧਾਰਿਤ ਦੱਸਦਾ ਹੈ ਅਤੇ ਲਿਖਦਾ ਹੈ ਕਿ ਵੇਸ਼, ਧਰਮ, ਤੱਤ-ਗਿਆਨ ਜਾਂ ਦਰਸ਼ਨ ਸ਼ਾਸਤਰ, ਪੌਰਾਣਿਕ ਪ੍ਰੇਰਣਾ ਸਤੋਤਰ ਜਾਂ ਸਥਾਨ, ਭਾਵ ਕੋਸ਼, ਨਗਰੀ ਸੰਹਿਤਾ, ਤਿਉਹਾਰ, ਕੈਲੰਡਰ ਬਣਾਉਣ ਦਾ ਤਰੀਕਾ ਆਦਿ ਵਿਸ਼ਿਆਂ ਵਿਚ ਸਿੱਖ ਅਤੇ ਹੋਰ ਹਿੰਦੂਆਂ ਵਿਚ ਸਮਾਨ ਹੀ ਹੈ।

ਗੁਰੂ ਸਾਹਿਬਾਨਾਂ ਦੀ ਸ਼ਖ਼ਸੀਅਤ ਨੂੰ ਆਮ ਸਾਧਾਰਨ ਪੱਧਰ ਦਾ ਸਿੱਧ ਕਰਨ ਲਈ ਲੇਖਕ ਡਾ. ਗੋਡਬੋਲੇ ਨੇ ਉਚੇਚਾ ਯਤਨ ਕੀਤਾ ਹੈ। ਉਦਾਹਰਣ ਦੇ ਤੌਰ ’ਤੇ ਗੁਰੂ ਨਾਨਕ ਸਾਹਿਬ ਨੂੰ ਥੋੜ੍ਹੀ ਜਿਹੀ ਪ੍ਰਾਕਿਰਤ, ਸੰਸਕ੍ਰਿਤ ਤੇ ਹਿਸਾਬ ਪੜ੍ਹੇ ਲਿਖੇ ਹੋਣਾ ਦੱਸਿਆ ਹੈ। ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਲੇਖਕ ਗੁਰੂ ਸਾਹਿਬ ਦੀਆਂ ਆਸਾਮ, ਸ੍ਰੀ ਲੰਕਾ ਅਤੇ ਬਗਦਾਦ ਦੀਆਂ ਯਾਤਰਾਵਾਂ ਨੂੰ ਹੀ ਸ਼ੰਕੇ ਦੇ ਘੇਰੇ ਵਿਚ ਲਿਆ ਖੜ੍ਹਾ ਕਰਦਾ ਹੈ ਅਤੇ ਇਸ ਲਈ ਕਿਸੇ ਠੋਸ ਇਤਿਹਾਸਕ ਹਵਾਲੇ ਦਾ ਨਾ ਹੋਣਾ ਕਾਰਨ ਮੰਨਦਾ ਹੈ। ਆਪਣੀ ਗੱਲ ਨੂੰ ਠੀਕ ਸਿੱਧ ਕਰਨ ਲਈ ਸਿੱਖ ਵਿਦਵਾਨਾਂ ਵੱਲੋਂ ਰੱਦ ਕੀਤੇ ਜਾ ਚੁੱਕੇ ਵਿਦਵਾਨ ਮੈਕਾਲਫ ਦੀ ਉਦਾਹਰਣ ਦਿੰਦਾ ਹੈ। ਕਦੀ ਲੇਖਕ ਗੁਰੂ ਨਾਨਕ ਸਾਹਿਬ ਨੂੰ ਜੈਪਾਲ ਅਤੇ ਅਨੰਗਪਾਲ ਤੋਂ ਬਾਅਦ ਦੇ ਉੱਘੇ ਹਿੰਦੂ ਲਿਖਦਾ ਹੈ ਅਤੇ ਕਦੀ ਮੱਧ ਯੁੱਗ ਪ੍ਰੰਪਰਾ ਦੇ ਸੰਤ। ਫਿਰ ਲੇਖਕ ਵਸ਼ਿਸ਼ਠ ਦੀਆਂ ਅਧਿਆਤਮਕ ਤਰੱਕੀ ਲਈ ਸੱਤ ਅਵਸਥਾਵਾਂ ਅਤੇ ਜਪੁਜੀ ਸਾਹਿਬ ਜੀ ਦੇ ਪੰਜ ਖੰਡਾਂ ਵਿਚ ਸਮਾਨਤਾ ਸਿੱਧ ਕਰਨ ਦਾ ਯਤਨ ਕਰਦਾ ਹੈ।

ਬਿਪਰ ਦੁਆਰਾ ਬਣਾਈਆਂ ਤੇ ਫੈਲਾਈਆਂ ਗੱਲਾਂ ’ਤੇ ਯਕੀਨ ਕਰਦਾ ਹੋਇਆ ਲੇਖਕ ਲਿਖਦਾ ਹੈ ਕਿ ਮਾਇਆ ਅਤੇ ਤਾਕਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਰ੍ਹਾਂ ਕੋਹ ਦੂਰ ਸੀ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਉਹ ਛੇ ਕੋਹ ਦੂਰ ਰਹੀ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਉਹ ਗੁਰੂ ਘਰ ਦੀ ਦਹਿਲੀਜ ਤਕ ਆ ਗਈ ਅਤੇ ਗੁਰੂ ਅਰਜਨ ਦੇਵ ਜੀ ਵੇਲੇ ਉਹ ਘਰ ਦੇ ਅੰਦਰ ਤਕ ਆ ਗਈ। ਗੁਰਗੱਦੀ ਦੇ ਨਾਲ-ਨਾਲ ਜਦੋਂ ਪੈਸਾ ਆਦਿ ਵੀ ਆਉਣ ਲੱਗਾ ਤਾਂ ਉਤਰਾਧਿਕਾਰੀ ਜਿਨ੍ਹਾਂ ਨੂੰ ਗੁਰਗੱਦੀ ਪ੍ਰਾਪਤ ਨਾ ਹੋਈ, ਉਨ੍ਹਾਂ ਵਿਚ ਵਿਰੋਧ ਵਧਣ ਲੱਗਾ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਦਸਵੰਧ ਦੀ ਪ੍ਰਵਿਰਤੀ ਸੰਬੰਧੀ ਲੇਖਕ ਜਾਦੂ ਨਾਥ ਸਰਕਾਰ ਦੀ ਮਖੌਲੀਆ ਟਿੱਪਣੀ ਦਿੰਦਾ ਲਿਖਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਛੋਟੇ ਦੁਕਾਨਦਾਰ ਖੱਤਰੀ ਮਾਨਸਿਕਤਾ ਬਿਰਤੀ ਅਨੁਸਾਰ ਹੀ ਦਸਵੰਧ ਰੂਪ ਵਿਚ ਧਨ ਇਕੱਤਰ ਕਰਨ ਦੀ ਵਿਵਸਥਾ ਕੀਤੀ।

ਤਰਨ ਤਾਰਨ ਸਰੋਵਰ ਦੇ ਨਿਰਮਾਣ ਸੰਬੰਧੀ ਲੇਖਕ ਇੰਦੂਭੂਸ਼ਣ ਬੈਨਰਜੀ ਦੀ ਟਿੱਪਣੀ ਦਿੰਦਾ ਹੈ ਕਿ ਉਸ ਸਮੇਂ ਲੋਕ ਅੰਮ੍ਰਿਤਸਰ ਦੇ ਜਲ ਨੂੰ ਕੋਹੜ ਨਿਵਾਰਕ ਮੰਨਦੇ ਹੋਣਗੇ। ਇਸ ਡਰ ਨਾਲ ਕਿਤੇ ਅੰਮ੍ਰਿਤਸਰ ’ਚ ਕੋਹੜਿਆਂ ਦੀ ਭੀੜ ਨਾ ਲੱਗ ਜਾਵੇ, ਇਸ ਲਈ ਤਰਨ ਤਾਰਨ ਤਲਾਬ ਦੇ ਜਲ ਸੰਬੰਧੀ ਗੁਰੂ ਜੀ ਨੇ ਕੁਝ ਇਸ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਹੋਣਗੇ।

ਸਿੱਖ ਗੁਰੂਆਂ ਨੂੰ ਛੁਟਿਆਉਣ ਦੀ ਆਪਣੀ ਨੀਤੀ ਜਾਰੀ ਰੱਖਦਿਆਂ ਡਾ. ਗੋਡਬੋਲੇ ਟਿੱਪਣੀ ਦਿੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੰਜਾਬ ਸੂਬੇ ਦੀ ਦੇਖ-ਰੇਖ ਕਰਨ ਦਾ ਅਧਿਕਾਰ 400 ਘੋੜ ਸਵਾਰਾਂ, 1000 ਪੈਦਲ ਸੈਨਾ ਅਤੇ ਸੱਤ ਤੋਪਾਂ ਨਾਲ ਜਹਾਂਗੀਰ ਬਾਦਸ਼ਾਹ ਨੇ ਦਿੱਤਾ ਕਿਉਂਕਿ ਇਸ ਨਿਯੁਕਤੀ ਦਾ ਕੋਈ ਖਾਸ ਮਹੱਤਵ ਨਹੀਂ ਹੈ, ਇਸ ਲਈ ਜਹਾਂਗੀਰ ਨੇ ਆਪਣੀ ਸਵੈ-ਜੀਵਨੀ ਵਿਚ ਇਸ ਦਾ ਜ਼ਿਕਰ ਨਹੀਂ ਕੀਤਾ। ਸ਼ਾਹਜਹਾਂ ਦੇ ਗੱਦੀ ਉੱਪਰ ਬੈਠਣ ’ਤੇ ਗੁਰੂ ਜੀ ਨੇ ਉਸ ਪ੍ਰਤੀ ਆਪਣੀ ਰਾਜ ਭਗਤੀ ਪ੍ਰਗਟ ਕੀਤੀ।

ਲੇਖਕ ਸਵੈ-ਵਿਰੋਧੀ ਗੱਲਾਂ ਕਰਦਾ ਹੋਇਆ ਲਿਖਦਾ ਹੈ ਕਿ ਇਸ ਤੋਂ ਬਾਅਦ ਸ਼ਾਹਜਹਾਂ ਨੇ ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਉਲੀ ਢਾਹ ਦਿੱਤੀ ਅਤੇ ਉਸ ਥਾਂ ’ਤੇ ਮਸਜਿਦ ਬਣਵਾ ਦਿੱਤੀ।

ਜੇਕਰ ਗੁਰੂ ਜੀ ਨੇ ਸ਼ਾਹਜਹਾਂ ਪ੍ਰਤੀ ਰਾਜਭਗਤੀ ਹੀ ਪ੍ਰਗਟ ਕਰ ਦਿੱਤੀ ਫਿਰ ਸ਼ਾਹਜਹਾਂ ਦਾ ਦਿਮਾਗ ਖਰਾਬ ਸੀ ਕਿ ਉਹ ਬਾਉਲੀ ਢਾਹੁੰਦਾ। ਇਸ ਦੇ ਨਾਲ ਹੀ ਲੇਖਕ ਕਹਿੰਦਾ ਹੈ ਕਿ ਜਦੋਂ ਸਿੱਖਾਂ ਦਾ ਬਾਦਸ਼ਾਹ ਨਾਲ ਬਾਜ਼ ਫੜਨ ਤੋਂ ਝਗੜਾ ਹੋਇਆ ਫਿਰ ਬਾਦਸ਼ਾਹ ਨੇ ਜਹਾਂਗੀਰ ਵੱਲੋਂ ਦਿੱਤੀ ਗਈ ਸੂਬੇਦਾਰੀ ਵਾਪਸ ਲਈ। ਲੜਾਈਆਂ ਸੰਬੰਧੀ ਗੋਕਲ ਚੰਦ ਨਾਰੰਗ ਦੀ ਟਿੱਪਣੀ ਦਿੰਦਾ ਹੋਇਆ ਲੇਖਕ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਇਨ੍ਹਾਂ ਲੜਾਈਆਂ ਪਿੱਛੇ ਮਕਸਦ ਆਪਣੇ ਪਿਤਾ ਦੇ ਕਤਲ ਦਾ ਬਦਲਾ ਲੈਣਾ ਅਤੇ ਹਜ਼ਰਤ ਮੁਹੰਮਦ ਸਾਹਿਬ ਦੇ ਚਮਤਕਾਰਾਂ ਨੂੰ ਖ਼ਤਮ ਕਰਨ ਦੀ ਇੱਛਾ ਸੀ।

ਭਾਈ ਮੱਖਣ ਸ਼ਾਹ ਲੁਬਾਣਾ ਦੀ ਸਾਖੀ ਨੂੰ ਝੂਠ ਸਿੱਧ ਕਰਦਾ ਹੋਇਆ ਲੇਖਕ ਲਿਖਦਾ ਹੈ ਕਿ ਬਾਬਾ ਬਕਾਲਾ ਵਿਖੇ ਨਕਲੀ ਗੁਰੂ ਬਣ ਜਾਣ ਨਾਲ ਮਾਤਾ ਨਾਨਕੀ ਜੀ ਡਰ ਗਈ ਕਿ ਕਿਤੇ ਗੁਰਗੱਦੀ ਗੁਰੂ ਤੇਗ ਬਹਾਦਰ ਜੀ ਤੋਂ ਖੁਸ ਹੀ ਨਾ ਜਾਵੇ। ਇਸ ਲਈ ਉਨ੍ਹਾਂ ਨੇ ਅੰਮ੍ਰਿਤਸਰ ਅਤੇ ਹੋਰ ਥਾਂਵਾਂ ਤੋਂ ਮੁਖੀ ਸੰਗਤਾਂ ਨੂੰ ਬੁਲਾ ਕੇ ਗੁਰੂ ਸਾਹਿਬ ਨੂੰ 11 ਅਗਸਤ ਸੰਨ 1664 ਈ: ਨੂੰ ਗੁਰਗੱਦੀ ’ਤੇ ਬਿਠਾਉਣ ਦਾ ਐਲਾਨ ਕਰ ਦਿੱਤਾ।

ਆਰ.ਐਸ.ਐਸ. ਪੱਖੀ ਹੋਰ ਲੇਖਕਾਂ ਵਾਂਗ ਡਾ. ਗੋਡਬੋਲੇ ਵੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਸਾਜਣਾ ਵੇਲੇ ਬੱਕਰੇ ਮਾਰਨ ਦੀ ਗੱਲ ਕਰਦਾ ਹੈ। ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਨੂੰ ਲੇਖਕ ਦਿੱਲੀ ਵਿਚ ਬੁਰਕਾ ਪਾ ਕੇ ਰਹਿਣ ਦੀ ਗੱਲ ਕਰਦਾ ਹੈ। ਬੈਰਾਗੀ ਮਾਧੋ ਦਾਸ ਦੀ ਸਹਾਇਤਾ ਲੈਣ ਦੀ ਸਲਾਹ ਗੁਰੂ ਜੀ ਨੂੰ ਨਰੈਨਾ ਦੇ ਮਹੰਤ ਨੇ ਦਿੱਤੀ ਸੀ। ਦਸਮੇਸ਼ ਪਿਤਾ ਦੀ ਸ਼ਖ਼ਸੀਅਤ ਨੂੰ ਇਕ ਜਗੀਰਦਾਰ ਦੇ ਪੱਧਰ ਦੀ ਪ੍ਰਗਟ ਕਰਨਾ ਚਾਹੁੰਦਾ ਲੇਖਕ ਲਿਖਦਾ ਹੈ ਕਿ ਔਰੰਗਜੇਬ ਦੇ ਮਰਨ ਤੋਂ ਬਾਅਦ ਰਾਜਗੱਦੀ ਦੀ ਲੜਾਈ ਵਿਚ ਮੁਅਜ਼ਮ ਦੀ ਮਦਦ ਕਰਨ ਆਪ ਹੀ (ਭਾਵ ਕਿ ਬਿਨਾਂ ਬੁਲਾਇਆ ਹੀ) ਚਲੇ ਗਏ ਸਨ। ਮਾਤਾ ਸਾਹਿਬ ਕੌਰ ਜੀ ਨੂੰ ਆਮ ਔਰਤਾਂ ਦੇ ਪੱਧਰ ਦੀ ਸਿੱਧ ਕਰਨ ਲਈ ਲੇਖਕ ਕਹਿੰਦਾ ਹੈ ਕਿ ਉਨ੍ਹਾਂ ਨੂੰ ਸ਼ਿਕਾਇਤ ਸੀ ਕਿ ਮਾਤਾ ਸੁੰਦਰ ਕੌਰ ਦੇ ਮੁਕਾਬਲੇ ਉਸ ਨੂੰ ਘੱਟ ਦਖਣਾ ਮਿਲਦੀ ਹੈ।

ਉਪਰੋਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਆਰ.ਐਸ.ਐਸ. ਬਹੁਤ ਡੂੰਘੀ ਸਾਜ਼ਿਸ਼ ਤਹਿਤ ਆਪਣੇ ਵਿਸ਼ਾਲ ਮਨੁੱਖੀ ਵਸੀਲਿਆਂ ਅਤੇ ਹੋਰ ਸਾਧਨਾਂ ਦੀ ਵਰਤੋਂ ਕਰ ਕੇ ਸਿੱਖ ਇਤਿਹਾਸ ਨੂੰ ਪੂਰੀ ਤਰ੍ਹਾਂ ਹਿੰਦੂ ਸਿੱਧ ਕਰਨ ਲਈ ਡਟਿਆ ਹੋਇਆ ਹੈ। ਗੁਰੂ ਸਾਹਿਬਾਨਾਂ ਦੇ ਜੀਵਨ ਤੋਂ ਬਾਅਦ ਸਿੱਖ ਸੰਗਤਾਂ ਦਾ ਗੁਰਬਾਣੀ ’ਤੇ ਅਟੁੱਟ ਭਰੋਸਾ ਹੈ। ਗੁਰਬਾਣੀ ਪ੍ਰਤੀ ਅਥਾਹ ਪਿਆਰ, ਸਤਿਕਾਰ ਤੇ ਸ਼ਰਧਾ ਆਰ.ਐਸ.ਐਸ. ਦੀਆਂ ਅੱਖਾਂ ਵਿਚ ਰੜਕਦੀ ਹੈ। ਉਹ ਸਿੱਖ ਦੇ ਅਕੀਦੇ ਦੇ ਹਰ ਥੰਮ ਨੂੰ ਹਿੰਦੂਤਵ ਦੇ ਸਾਧਾਰਨ ਤੇ ਨੀਵੇਂ ਪੱਧਰ ’ਤੇ ਲਿਆਉਣਾ ਲੋਚਦਾ ਹੈ। ਚਾਹੇ ਉਹ ਗੁਰੂ ਸਾਹਿਬਾਨਾਂ ਨੂੰ ਹਿੰਦੂ ਦੇਵੀ-ਦੇਵਤਿਆਂ ਦੇ ਪੱਧਰ ਦੇ ਸਾਬਤ ਕਰਨਾ ਜਾਂ ਗੁਰਬਾਣੀ ਨੂੰ ਰਮਾਇਣ, ਮਹਾਂਭਾਰਤ ਵਾਂਗ ਆਮ ਮਨੁੱਖਾਂ ਦੀ ਰਚਨਾ ਸਾਬਤ ਕਰਨਾ ਹੋਵੇ ਤੇ ਚਾਹੇ ਸਿੱਖਾਂ ਦੇ ਮਨਾਂ ਵਿਚ ਆਪਣੇ ਇਤਿਹਾਸਕ ਸਥਾਨਾਂ ਪ੍ਰਤੀ ਅਥਾਹ ਸਤਿਕਾਰ ਨੂੰ ਹਿੰਦੂਆਂ ਦੇ ਮਨਾਂ ਅੰਦਰ ਆਪਣੇ ਹਿੰਦੂ ਤੀਰਥ ਸਥਾਨਾਂ ਪ੍ਰਤੀ ਸਾਧਾਰਨ ਜਿਹੇ ਮੜ੍ਹੀਆਂ-ਮਸਾਣਾਂ ਵਰਗੇ ਸਤਿਕਾਰ ਲਈ ਯਤਨ ਕਰਨਾ ਸ਼ਾਮਲ ਹੈ।

### (ੲ) ਆਉ ਵੇਖੀਏ ਗੁਰਬਾਣੀ, ਜਿਸ ਨੂੰ ਆਮ ਸਾਧਾਰਣ ਸੂਝ-ਬੂਝ ਵਾਲਾ ਸਿੱਖ ਵੀ ‘ਧੁਰ ਕੀ ਬਾਣੀ’ ਮੰਨਦਾ ਹੈ, ਨੂੰ ਵੇਦਾਂ ਦੀ ਗੰਗੋਤਰੀ ਵਿਚੋਂ ਪ੍ਰਗਟ ਹੋਈ ਦੱਸਣ ਲਈ ਬਿਪਰ ਆਪਣੀ ਕਲਮ ਦੀ ਧਾਰ ਨੂੰ ਕਿਵੇਂ ਵਰਤਦਾ ਹੈ?

ਗੁਰੂ ਨਾਨਕ ਸਾਹਿਬ ਜੀ ਦੀ ਪੜ੍ਹਾਈ ਸੰਬੰਧੀ ਚਾਨਣਾ ਪਾਉਂਦਾ ਲੇਖਕ ਲਿਖਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਾਰਸੀ ਵਿਚ ਕਵਿਤਾਵਾਂ ਲਿਖੀਆ ਸੀ। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਨੇ ਫਾਰਸੀ ਭਾਸ਼ਾ ਵੀ ਸਿੱਖੀ ਸੀ।

ਬਾਣੀ ਨੂੰ ਕਵਿਤਾ ਲਿਖਣਾ ਕਹਿੰਦਾ ਹੋਇਆ ਲੇਖਕ ਗੁਰੂ ਨਾਨਕ ਸਾਹਿਬ ਵੱਲੋਂ ਵਜਦ ਵਿਚ ਆ ਕੇ ਭਾਈ ਮਰਦਾਨਾ ਨੂੰ ਕਹਿਣਾ ਕਿ ‘ਮਰਦਾਨਿਆ ਰਬਾਬ ਵਜਾ, ਬਾਣੀ ਆਈ ਹੈ’ ਨੂੰ ਇਕ ਸ਼ਿਵ ਕੁਮਾਰ ਬਟਾਲਵੀ ਵਰਗੇ ਸ਼ਰਾਬ ਦੇ ਲੋਰ ਵਿਚ ਆ ਕੇ ਲਿਖਣ ਵਾਲੇ ਨਾਲ ਮਿਲਾਉਣ ਦਾ ਯਤਨ ਕਰਦਾ ਨਜ਼ਰ ਆਉਂਦਾ ਹੈ। ਆਪਣੀ ਭਾਵਨਾ ਨੂੰ ਸਪੱਸ਼ਟ ਕਰਦਾ ਹੋਇਆ ਲੇਖਕ ‘ੴਸਤਿਨਾਮ’ ਵਾਲੇ ਲੇਖ ਵਿਚ ਲਿਖਦਾ ਹੈ ਕਿ ਸਿੱਖਾਂ ਦੇ ਮੂਲ-ਮੰਤਰ ਅਤੇ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਓਮ ਤੋਂ ਹੁੰਦਾ ਹੈ, ਜਿਵੇਂ ਹਰ ਇਕ ਵੇਦ-ਮੰਤਰ ਦਾ ਆਰੰਭ ਓਮ ਤੋਂ ਹੁੰਦਾ ਹੈ। ਵੇਦ ਐਲਾਨ ਕਰਦੇ ਹਨ ਕਿ ਇਕ ਹੀ ਰੱਬ ਦਾ ਨਾਮ ਲੈਣਾ ਚਾਹੀਦਾ ਹੈ, ਇਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਹੈ। ਰੱਬ ਨੂੰ ਇਕ ਮੰਨਦੇ ਹੋਏ ਵੀ ਗੁਰੂ ਨਾਨਕ ਸਾਹਿਬ ਜੀ ਨੇ ਦੇਵੀ-ਦੇਵਤਿਆ ਦੀ ਹੋਂਦ ਰੱਦ ਨਹੀਂ ਕੀਤੀ ਹੈ।

ਗੁਰਬਾਣੀ ਨੂੰ ਵੇਦਾਂ ਤੋਂ ਹੇਠਲੇ ਪੱਧਰ ਦੀ ਸਾਬਤ ਕਰਨ ਦੇ ਯਤਨਾਂ ਵਜੋਂ ਲੇਖਕ ਲਿਖਦਾ ਹੈ ਕਿ ਬੀਬੀ ਅਮਰੋ ਨੂੰ ਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਵਿਚਲਾ ਗੀਤ ਗਾਉਂਦਾ ਸੁਣ ਕੇ ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਕੋਲ ਜਾਣ ਦੀ ਖਾਹਿਸ਼ ਪ੍ਰਗਟ ਕੀਤੀ।

ਭਾਵੇਂ ਲੇਖਕ ਡਾ. ਗੋਡਬੋਲੇ ਨੇ ਆਪਣੇ ਆਪ ਨੂੰ ਵਿਦਵਾਨ ਸਾਬਿਤ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ ਪਰ ਉਸ ਦੀ ਦਿਆਨਤਦਾਰੀ ਦਾ ਉਸ ਵੇਲੇ ਜਨਾਜ਼ਾ ਨਿਕਲ ਜਾਂਦਾ ਹੈ, ਜਦੋਂ ਉਹ ਪੰਜਵੇਂ ਪਾਤਸ਼ਾਹ ਦੇ ਜੀਵਨ ਸੰਬੰਧੀ ਜਾਣਕਾਰੀ ਦਿੰਦਾ ਹੋਇਆ ਲਿਖਦਾ ਹੈ ਕਿ ‘ਸ੍ਰੀ ਗੁਰੂ ਗ੍ਰੰਥ ਸਾਹਿਤ ਵਿਚ ਇਕੱਠੀਆਂ ਕੀਤੀਆਂ

ਸ੍ਰੀ ਗੁਰੂਆਂ ਦੀਆਂ ਰਚਨਾਵਾਂ ਵਿਚ ਸ੍ਰੀ ਗੁਰੂਆਂ ਦੇ ਨਿੱਜੀ ਜੀਵਨ ਸੰਬੰਧੀ ਘਟਨਾਵਾਂ ਦਾ ਵਰਣਨ ਅਤੇ ਉਨ੍ਹਾਂ ਦੁਆਰਾ ਬਣਾਏ ਭਵਨਾਂ ਅਤੇ ਨਗਰਾਂ ਦਾ ਵਰਣਨ ਮਿਲਦਾ ਹੈ।

ਜਦਕਿ ਇਹ ਗੱਲ ਮਾੜੇ-ਮੋਟੇ ਧਾਰਮਿਕ ਵਿਦਵਾਨ ਨੂੰ ਵੀ ਪਤਾ ਹੈ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਸਿਵਾਏ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਦੇ ਹੋਰ ਦੂਸਰੀ ਚੀਜ਼ ਦਾ ਜ਼ਿਕਰ ਨਹੀਂ ਆਉਂਦਾ।

ਕਿਉਂਕਿ ਲੇਖਕ ਜਿਵੇਂ-ਜਿਵੇਂ ਅੱਗੇ ਵਧਦਾ ਹੈ ਤਿਵੇਂ-ਤਿਵੇਂ ਆਪਣੀ ਬਿਪਰਵਾਦੀ ਛੁਰੀ ਵੀ ਤਿੱਖੀ ਕਰਦਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮੀ ਲੇਖ ਵਿਚ ਲੇਖਕ ਬੰਨੋਵਾਲੀ ਬੀੜ ਦੀ ਉਦਾਹਰਨ ਦੇ ਕੇ ਦੱਸਦਾ ਹੈਕਿ ਉਸ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਹੈ, ਜਿਸ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁੰਡਨ ਵਿਧੀ ਦਾ ਵਰਣਨ ਮਿਲਦਾ ਹੈ। ਜਦਕਿ ਕਰਤਾਰਪੁਰ ਵਾਲੀ ਬੀੜ ਵਿਚ ਉਪਰੋਕਤ ਸ਼ਬਦ ਦੀਆਂ ਸਿਰਫ਼ ਦੋ ਪੰਕਤੀਆ ਹੀ ਮਿਲਦੀਆਂ ਹਨ। ਲੇਖਕ ਦਾ ਵਿਚਾਰ ਹੈ ਕਿ ਜਦੋਂ ਖ਼ਾਲਸਾ ਸਾਜਨ ਕਰਕੇ ਕੇਸ ਰੱਖਣਾ ਪ੍ਰਚਲਿਤ ਹੋ ਗਿਆ ਤਾਂ ਗੁਰੂ ਜੀ ਦੇ ਪੁੱਤਰ ਦੀ ਮੁੰਡਣ ਵਿਧੀ ਦਾ ਵਰਣਨ ਕੁਝ ਅਸੁਵਿਧਾਜਨਕ ਲੱਗਣ ਲੱਗ ਪਿਆਂ ਹੈ। ਇਸ ਲਈ ਇਸ ਸ਼ਬਦ ਨੂੰ ਕੱਢਣ ਦੀ ਸੰਭਾਵਨਾ ਜ਼ਿਆਦਾ ਦਿਖਾਈ ਦਿੰਦੀ ਹੈ।

ਆਪਣੇ ਇਨ੍ਹਾਂ ਵਿਚਾਰਾਂ ਨਾਲ ਲੇਖਕ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਗੁਰਬਾਣੀ ਵਿਚ ਫੇਰ-ਬਦਲ ਹੁੰਦਾ ਰਿਹਾ ਹੈ। ਕੁਝ ਇਹੋ ਜਿਹੇ ਹੀ ਨਤੀਜੇ ਪਿਸ਼ੌਰਾ ਸਿੰਘ ਨੇ ਆਪਣੇ ਥੀਸਿਸ ਵਿਚ ਕੱਢੇ ਸਨ, ਜਿਸ ਕਰ ਕੇ ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲਗਾਈ ਗਈ ਸੀ।

ਗੁਰੂ ਗ੍ਰੰਥ ਸਾਹਿਬ ਦੇ ਮੌਜੂਦਾ ਸਰੂਪ ਦੇ ਉੱਪਰ ਸ਼ੰਕਾ ਪ੍ਰਗਟ ਕਰਦਾ ਹੋਇਆ ਡਾ. ਗੋਡਬੋਲੇ ਲਿਖਦਾ ਹੈ ਕਿ ਕਰਤਾਰਪੁਰ ਦੀ ਬੀੜ ਅਤਿਅੰਤ ਮਹੱਤਵਪੂਰਨ ਹੋਣ ਕਾਰਨ ਉਸ ਦੇ ਪੰਨਿਆਂ ਦੀਆਂ ਤਸਵੀਰਾਂ ਖਿੱਚਣ ਦਾ ਯਤਨ ਕੀਤਾ ਗਿਆ ਸੀ, ਜੋ ਨਿਹੰਗਾਂ ਦੇ ਵਿਰੋਧ ਕਰ ਕੇ ਸੰਭਵ ਨਹੀਂ ਹੋ ਸਕਿਆ। ਜਦੋਂ ਤਕ ਅਧਿਐਨ ਕਰਨ ਵਾਲਿਆਂ ਸਾਹਮਣੇ ਇਸ ਬੀੜ ਨੂੰ ਨਹੀਂ ਲਿਆਂਦਾ ਜਾਵੇਗਾ, ਉਦੋਂ ਤਕ ਇਹ ਕਿਹਾ ਜਾਵੇਗਾ ਕਿ ਉਸ ਵਿਚ ਜ਼ਰੂਰ ਕੁਝ ਇਹੋ ਜਿਹਾ ਹੈ, ਜੋ ਛੁਪਾਇਆ ਜਾ ਰਿਹਾ ਹੈ, ਜਿਸ ਦੇ ਪ੍ਰਗਟ ਹੋਣ ਨਾਲ ਕੁਝ ਵੀ ਹੋ ਸਕਦਾ ਹੈ।

ਲੇਖਕ ਆਪਣੀਆ ਇਹੋ ਜਿਹੀਆਂ ਚੂਚਰਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੇ 'ਧੁਰ ਕੀ ਬਾਣੀ' ਹੋਣ 'ਤੇ ਸ਼ੰਕੇ ਪੈਦਾ ਕਰਨਾ ਚਾਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਧਾਰਨ ਜਾਂ ਹਲਕੀ ਪੱਧਰ ਦਾ ਦਰਸਾਉਣ ਲਈ ਲੇਖਕ ਲਿਖਦਾ ਹੈ ਕਿ ਵੱਖ-ਵੱਖ ਲੋਕਾਂ ਦੀਆਂ, ਵੱਖ-ਵੱਖ ਸਮੇਂ ਵਿਚ ਵੱਖਰੀ-ਵੱਖਰੀ ਪਿੱਠ ਭੂਮੀ ਉੱਪਰ ਅਧਾਰਿਤ ਰਚਨਾਵਾਂ ਦਾ ਗ੍ਰੰਥ ਵਿਚ ਇਕੱਠ ਕੀਤਾ ਗਿਆ ਹੈ, ਇਸ ਲਈ ਗ੍ਰੰਥ ਵਿਚ ਦੁਹਰਾ ਹੋਣਾ ਸੁਭਾਵਿਕ ਹੈ। ਗ੍ਰੰਥ ਦਾ ਸੰਕਲਨ ਸਾਧਾਰਨ ਲੋਕਾਂ ਲਈ ਕੀਤਾ ਗਿਆ ਹੋਣ ਦੇ ਕਾਰਨ ਇਹੋ ਜਿਹਾ ਦੁਹਰਾ ਕੁਝ ਹੱਦ ਤਕ ਜ਼ਰੂਰੀ ਅਤੇ ਲਾਭਾਦਾਇਕ ਹੈ।

ਉਪਰੋਕਤ ਟਿੱਪਣੀ ਨਾਲ ਲੇਖਕ ਅਸਿੱਧੇ ਤਰੀਕੇ ਨਾਲ ਇਹ ਸਮਝਾਉਣਾ ਚਾਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਮ ਭਾਸ਼ਾ ਵਿਚ ਸਾਧਾਰਨ ਸੂਝ-ਬੂਝ ਵਾਲੇ ਲੋਕਾਂ ਲਈ ਹੈ। ਇਸ ਲਈ ਇਹ ਦੇਵ ਭਾਸ਼ਾ ਸੰਸਕ੍ਰਿਤ ਪੜ੍ਹਨ-ਲਿਖਣ ਵਾਲੇ ਵਿਦਵਾਨ ਲੋਕਾਂ ਦੇ ਕੰਮ ਦਾ ਨਹੀਂ ਅਤੇ ਸੰਸਕ੍ਰਿਤ ਵਿਚ ਰਚੀਆਂ ਗਈਆ ਕਿਤਾਬਾਂ ਰਮਾਇਣ, ਮਹਾਂਭਾਰਤ, ਪੁਰਾਣ ਆਦਿ ਤੋਂ ਹੇਠਲੇ ਪੱਧਰ ਦੀ ਰਚਨਾ ਹੈ। ਨਾਲ ਹੀ ਲੇਖਕ ਅਸਿੱਧੇ ਤੌਰ 'ਤੇ ਇਹ ਵੀ ਕਹਿੰਦਾ ਹੈ ਕਿ ਕੁਝ ਗੱਲਾਂ ਦਾ ਹੀ ਬਾਰ-ਬਾਰ ਦੁਹਰਾਉ ਕੀਤਾ ਗਿਆ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਬਾਣੀ ਸੰਬੰਧੀ ਲੇਖਕ ਵਿਚਾਰ ਪ੍ਰਗਟਾਉਂਦਾ ਹੈ ਕਿ ਨੌਵੇਂ ਪਾਤਸ਼ਾਹ ਦੀ ਬਾਣੀ ਉਦਾਸੀ ਵਾਲੀ ਭਾਵ ਢਹਿੰਦੀ ਕਲਾ ਵਾਲੀ ਹੈ, ਕਿਉਂਕਿ ਉਨ੍ਹਾਂ ਦੀ ਬਹੁਤੀ ਬਾਣੀ ਜੇਲ੍ਹ ਵਿਚ ਅੰਤਿਮ ਦਿਨਾਂ ਦੀ ਹੈ। ਲੇਖਕ ਇਹ ਵੀ ਕਹਿੰਦਾ ਹੈ ਕਿ ਆਪਣੇ ਦੋ ਭਰਾਵਾਂ ਅਣੀ ਰਾਏ ਤੇ ਅਟੱਲ ਰਾਏ ਦੀ ਅਕਾਲ ਮੌਤ ਦਾ ਦੁੱਖ ਵੀ ਉਹ ਆਪਣੇ ਮਨ ਤੋਂ ਹਟਾ ਨਹੀਂ ਸਕੇ।
ਲੇਖਕ ਗੁਰੂ ਸਾਹਿਬ ਨੂੰ 'ਦੁੱਖ-ਸੁੱਖ ਤੋਂ ਨਿਆਰਾ' ਨਾ ਦੱਸ ਕੇ ਇਕ ਸਾਧਾਰਨ ਪੱਧਰ ਦੇ ਆਮ ਮਨੁੱਖ ਵਾਂਗ ਦਰਸਾਉਣਾ ਚਾਹੁੰਦਾ ਹੈ, ਜਿਸ ਦੀ ਰਚਨਾ ਉਸ ਦੀ ਮਾਨਸਿਕ ਪ੍ਰਵਿਰਤੀ ਪ੍ਰਗਟਾਉਂਦੀ ਹੈ।

ਆਪਣਾ ਆਖਰੀ ਤੀਰ ਚਲਾਉਂਦਾ ਹੋਇਆ ਲੇਖਕ ਲਿਖਦਾ ਹੈ ਕਿ ਭਾਈ ਮਨੀ ਸਿੰਘ ਜੀ ਦੀ ਇੱਛਾ ਸੀ ਕਿ ਗ੍ਰੰਥ ਦੀ ਰਚਨਾ ਰਾਗਾਂ ਅਨੁਸਾਰ ਨਾ ਹੋ ਕੇ ਸ੍ਰੀ ਗੁਰੂਆਂ ਦੇ ਕ੍ਰਮ-ਅਨੁਸਾਰ ਹੋਣੀ ਚਾਹੀਦੀ ਹੈ। ਭਾਈ ਮਨੀ ਸਿੰਘ ਨੇ ਇਸ ਤਰ੍ਹਾਂ ਵਿਚਾਰ ਕੀਤਾ ਪ੍ਰੰਤੂ ਸਿੱਖ ਸੰਗਤਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਇਸ ਤੋਂ ਇਹ ਸਪੱਸ਼ਟ ਹੈ ਕਿ ਭਾਈ ਮਨੀ ਸਿੰਘ ਜੀ ਦੀ ਕਲਪਨਾ ਅਨੁਸਾਰ ਗ੍ਰੰਥ ਦੀ ਪੁਨਰ-ਰਚਨਾ ਨਹੀਂ ਹੋ ਸਕੀ।

ਉਪਰੋਕਤ ਲਿਖਣ ਤੋਂ ਲੇਖਕ ਦੀ ਮਨਸ਼ਾ ਇਹ ਦਰਸਾਉਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੀ ਠੀਕ ਨਹੀਂ ਹੈ। ਆਪਣੀ ਘਟੀਆ ਤੇ ਨੀਚ ਸੋਚ ਦਾ ਪ੍ਰਗਟਾਅ ਕਰਦਾ ਹੋਇਆ ਲੇਖਕ ਅਨਿੰਨ ਸਿੱਖ ਭਾਈ ਮਨੀ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸ਼ਰੀਕ ਪ੍ਰਗਟਾਉਣ ਦਾ ਯਤਨ ਕਰਦਾ ਹੋਇਆ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਨੀਵਾਂ ਦਿਖਾਉਣਾ ਚਾਹੁੰਦਾ ਹੈ।

ਇਸ ਅਧਿਆਇ ਦੀਆ ਆਖਰੀ ਸਤਰਾਂ ਵਿਚ ਆਰ.ਐਸ.ਐਸ. ਦੀ ਮਨਸ਼ਾ ਪ੍ਰਗਟਾਉਂਦਾ ਹੋਇਆ ਲੇਖਕ ਲਿਖਦਾ ਹੈ ਕਿ ਗ੍ਰੰਥ ਦੇ ਪ੍ਰਤੀ ਸਿੱਖਾਂ ਦੇ ਮਨ ਵਿਚ ਅਤਿਅੰਤ ਸ਼ਰਧਾ ਹੈ ਅਤੇ ਉਨ੍ਹਾਂ ਦੇ ਜੀਵਨ ਵਿਚ ਉਸ ਦਾ ਅਸਧਾਰਣ ਸਥਾਨ ਹੈ, ਕਿੰਤੂ ਸਿੱਖ ਸਮਾਜ ਅੱਜ ਵੀ ਗ੍ਰੰਥ ਨੂੰ ਹੀ ਜਾਗਤ ਜੋਤ ਮੰਨਣ ਦੀ ਅਵਸਥਾ ਤੋਂ ਬਾਹਰ ਨਹੀਂ ਨਿਕਲਿਆ ਹੈ

ਮਤਲਬ ਕਿ ਲੇਖਕ ਨੂੰ ਇਤਰਾਜ ਹੈ ਕਿ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਨੂੰ 'ਪ੍ਰਗਟ ਗੁਰਾਂ ਕੀ ਦੇਹ' ਕਿਉਂ ਮੰਨਦੀ ਹੈ, ਉਸ ਨੂੰ ਰਾਮਾਇਣ, ਮਹਾਂਭਾਰਤ ਵਾਂਗ ਕੱਛ ਵਿਚ ਮਾਰ ਕੇ ਤੁਰਨ ਵਾਲੀ ਕਿਤਾਬ ਕਿਉਂ ਨਹੀਂ ਬਣਾਉਂਦੀ। ਲੇਖਕ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣ ਨੂੰ ਅਸਿੱਧੇ ਤੌਰ 'ਤੇ ਨਕਾਰਦਾ ਹੈ। ਇਸੇ ਤਰ੍ਹਾਂ ਦੇ ਵਿਚਾਰ 'ਹਿੰਦੂ ਰਾਸ਼ਟਰ ਕਿਉਂ" ਨਾਮੀ ਆਰ.ਐਸ.ਐਸ. ਦੀ ਕਿਤਾਬ ਵਿਚ ਪ੍ਰਗਟਾਉਂਦਾ ਆਰ.ਐਸ.ਐਸ. ਮੁਖੀ ਲਿਖਦਾ ਹੈ ਕਿ ਜੋ ਲੋਕ ਇਕ ਕਿਤਾਬ ਨੂੰ ਦੋਸ਼ ਰਹਿਤ ਅਤੇ ਪੂਰਨ ਮੰਨਦੇ ਹੋਏ ਇਕ ਪੈਗੰਬਰ ਨੂੰ ਮੰਨਦੇ ਹਨ, ਉਹ ਕੱਟੜਵਾਦੀ ਹੁੰਦੇ ਹਨ। ਭਾਵੇਂ ਆਰ.ਐਸ.ਐਸ. ਮੁਖੀ ਦਾ ਮੁੱਖ ਨਿਸ਼ਾਨਾ ਮੁਸਲਮਾਨ ਹਨ, ਪ੍ਰੰਤੂ ਉਪਰੋਕਤ ਪ੍ਰੀਭਾਸ਼ਾ ਵਿਚ ਤਾਂ ਸਿੱਖ ਕੌਮ ਵੀ ਆਉਂਦੀ ਹੈ, ਜੋ ਇਕ ਗ੍ਰੰਥ ਅਤੇ ਦਸਾਂ ਗੁਰੂਆਂ ਨੂੰ ਇਕ ਜੋਤ ਮੰਨਦੀ ਹੈ।

ਆਰ.ਐਸ.ਐਸ. ਵਾਲੇ ਆਪਣੀਆਂ ਉਪਰੋਕਤ ਟਿੱਪਣੀਆਂ ਨਾਲ ਗੁਰੂ ਨਾਨਕ ਸਾਹਿਬ ਵੱਲੋਂ ਦਰਸਾਏ 'ਸ਼ਬਦ ਗੁਰੂ' ਦੇ ਸਿਧਾਂਤ ਨਾਲੋਂ ਸਿੱਖ ਕੌਮ ਨੂੰ ਤੋੜ ਕੇ ਬੁੱਤ-ਪੂਜ ਸਾਬਤ ਕਰਨਾ ਲੋਚਦੇ ਹਨ ਅਤੇ ਗੁਰੂ ਸਾਹਿਬਾਨਾਂ ਦੇ ਸ਼ਬਦ-ਗੁਰੂ ਦੇ ਸਿਧਾਂਤ ਨੂੰ ਆਪਣੇ ਬੁੱਤ-ਪ੍ਰਸਤੀ ਦੇ ਸਿਧਾਂਤ ਨਾਲੋਂ ਨੀਵੇਂ ਪੱਧਰ ਦਾ ਦਰਸਾਉਣਾ ਚਾਹੁੰਦੇ ਹਨ।

ਸੰਗਤਾਂ ਉਪਰੋਕਤ ਸਾਰੇ ਲੇਖ ਦੀਆ ਟਿੱਪਣੀਆਂ ਦੀ ਸ਼ਬਦਾਵਲੀ ਅਤੇ ਲਿਖਣ ਸ਼ੈਲੀ ਧਿਆਨ ਨਾਲ ਪੜ੍ਹਨ ਕਿਉਂਕਿ ਆਰ.ਐਸ.ਐਸ. ਦੇ ਮੌਜੂਦਾ ਧੂਤੇ ਕਾਲਾ ਅਫ਼ਗਾਨਾ ਜੀ ਵੀ ਇੰਨ-ਬਿੰਨ ਸ਼ਬਦਾਵਲੀ ਅਤੇ ਲਿਖਣ ਸ਼ੈਲੀ ਵਰਤਦੇ ਹਨ। ਜਿਹੜੇ ਪੰਥ ਦਰਦੀ ਵੀਰਾਂ ਨੂੰ ਆਰ.ਐਸ.ਐਸ. ਦੇ ਖੰਡ ਵਲੇਟੀ ਜ਼ਹਿਰ ਬਾਰੇ ਜਾਣਕਾਰੀ ਨਹੀਂ, ਉਹ ਕਾਲੇ-ਅਫ਼ਗਾਨੇ ਦੇ ਸ਼ਬਦ ਜਾਲ ਵਿਚ ਛੇਤੀ ਫਸ ਜਾਂਦੇ ਹਨ।

ਅਗਲੇ ਲੇਖ ਵਿਚ ਗੁਰੂਆਂ ਨੂੰ ਆਪਾ-ਵਿਰੋਧੀ, ਮੁਸਲਿਮ-ਵਿਰੋਧੀ ਅਤੇ ਸਿੱਖ ਕੌਮ ਦੀ ਗਿਣਤੀ ਘੱਟ ਕਿਉਂ ਰਹੀ ਹੈ ਆਦਿ ਵਿਸ਼ਿਆਂ ਸੰਬੰਧੀ ਆਰ.ਐਸ.ਐਸ. ਦੇ ਇਸ ਵਿਦਵਾਨ ਦੇ ਵਿਚਾਰ ਸਾਂਝੇ ਕਰਾਂਗੇ।

**-ਤਰਦੀਪ ਸਿੰਘ**